5 Rs. COURT FEE INDIA ਪਾਂਚ ਰੁਪਯੇ FIVE RUPEES

ਬ-ਅਦਾਲਤ ਸਬ ਡਵੀਜਨਲ ਮੈਜਿਸਟ੍ਰੇਟ-ਕਮ-ਕੁਲੈਕਟਰ, ਬਲਾਚੌਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ

ਵਣ ਰੇਂਜ ਅਫਸਰ, ਕਾਠਗੜ੍ਹ ਤਹਿਸੀਲ ਬਲਾਚੌਰ

.....ਪਟੀਸ਼ਨਰ

ਬਨਾਮ

(1) ਕੁਲਦੀਪ ਸਿੰਘ ਪੁੱਤਰ ਹਰਬੰਸ ਸਿੰਘ ਜਾਤ ਜੱਟ ਵਾਸੀ ਪਿੰਡ ਬਨ੍ਹਾ ਤਹਿਸੀਲ ਬਲਾਚੌਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

(2) ਗੁਰਦੀਪ ਸਿੰਘ ਪੁੱਤਰ ਹਰਬੰਸ ਸਿੰਘ ਜਾਤ ਜੱਟ ਵਾਸੀ ਪਿੰਡ ਬਨ੍ਹਾ ਤਹਿਸੀਲ ਬਲਾਚੌਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

...ਉੱਤਰਵਾਦੀਆਂ

ਪਟੀਸ਼ਨ ਜੇਰ ਧਾਰਾ 3,4,5 ਤੇ 7 ਆੱਫ ਪਬਲਿਕ ਪਰਿਮਸਿਜ ਐਂਡ ਲੈਂਡ (ਇਵੈਕਸ਼ਨ ਐਂਡ ਰਿਕਵਰੀ ਐਕਟ, 1973) ਬਾਬਤ ਬੇਦਖਲੀ ਉੱਤਰਵਾਦੀਆਂ ਬਾਬਤ ਰਕਬਾ ਭੌਂ (56ਕਨਾਲ 12ਮਰਲੇ) ਖੇਵਟ ਨੰ:311 ਖਤੌਨੀ 407 ਖਸਰਾ ਨੰਬਰ 102//2(7-8), 3(8-0), 4/1(2-16), 10(8-0), 11(8-0), 12(7-8), 13(8-0), 18/1(2-18) ਖੇਵਟ ਨੰ:192 ਖਤੌਨੀ ਨੰ:239 ਖਸਰਾ ਨੰ:101//7/2(4-2) ਮੁਤਾਬਿਕ ਇੰਦਰਾਜ ਜਮ੍ਹਾਂਬੰਦੀ ਸਾਲ 2003-2004 ਵਾਕਿਆ ਰਕਬਾ ਭੌਂ ਪਿੰਡ ਬਨ੍ਹਾ ਹਦਬਸਤ ਨੰ:416 ਤਹਿਸੀਲ ਬਲਾਚੌਰ ਅਤੇ ਬਾਬਤ ਵਸੂਲੀ ਮੁਆਵਜਾ ਨੁਕਸਾਨ/ਡੈਮੇਜਿਜ ਜੇਰ ਧਾਰਾ 7 ਆਫ ਪੀ.ਪੀ. ਐਕਟ ਬਾਬਤ ਨਜਾਇਜ ਕਬਜਾ ਭੌਂ ਸਾਲ 1989-90 ਤੋਂ 2009-10 ਤੱਕ ਮਾਰਚ 2010 (ਕਰੰਟ ਚਕੌਤਾ) ਦਰ 8000/- ਰੁਪਏ ਪ੍ਰਤੀ ਏਕੜ ਜੋ ਕਿ ਕੁੱਲ ਰਕਮ 56,600/- ਰੁਪਏ ਪ੍ਰਤੀ ਸਾਲ ਅਤੇ ਸਾਲ 2009-10 (20 ਸਾਲਾਂ) ਦਾ ਹਰਜਾਨਾ ਅਤੇ ਮੁਆਵਜਾ ਰਕਮ 11,32,000/- ਰੁਪਇਆ ਬਣਦਾ ਹੈ, ਦੀ ਬਾਬਤ ਵਣ ਵਿਭਾਗ ਦੀ ਭੂਮੀ ਦੀ ਵਰਤੋਂ ਅਤੇ ਉਸ 'ਤੇ ਨਜਾਇਜ ਕਬਜਾ ਕਰਨ ਸਬੰਧੀ ਵਸੂਲੀ ਲਈ ਬੇਨਤੀ ਪੱਤਰ।

ਸ੍ਰੀਮਾਨ ਜੀ,

ਪਟੀਸ਼ਨਰ ਹੇਠ ਲਿਖੇ ਅਨੁਸਾਰ ਪ੍ਰਾਰਥਨਾ ਕਰਦਾ ਹੈ ਜੀ: –

1) ਕਿ ਵਣ ਰੇਂਜ ਅਫਸਰ ਮਾਨਯੋਗ ਅਦਾਲਤ ਵਿੱਚ ਇਹ ਪਟੀਸ਼ਨ ਦਾਇਰ ਕਰਨ ਲਈ ਸਮਰੱਥ ਹੈ।

2) ਇਹ ਕਿ ਵਣ ਵਿਭਾਗ ਭੂਮੀ 56-ਕਨਾਲ 12-ਮਰਲੇ ਨੰਬਰਾਨ ਖਸਰਾ 102//(7-8), 3(8-0), 4/1(2-16), 10(8-0), 11(8-0), 12(7-8), 13(8-0), 18/1(2-18), 101//7/2(4-2) ਰਕਬਾ ਵਾਕਿਆ ਪਿੰਡ ਬਨ੍ਹਾ ਹਦਬਸਤ ਨੰ:416 ਤਹਿਸੀਲ ਬਲਾਚੌਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਮੁਤਾਬਕ ਇੰਦਰਾਜ ਜਮ੍ਹਾਂਬੰਦੀ ਸਾਲ:1983-84 ਦੇ ਪਹਿਲਾਂ ਤੋਂ ਹੀ ਮਾਲਕ ਚਲਿਆ ਆ ਰਿਹਾ ਹੈ ਅਤੇ ਇਹ ਭੂਮੀ ਚੱਕ ਬੰਦੀ ਹੋਣ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ:860-ਐਫ.ਟੀ.-III-71/1454 ਮਿਤੀ:16/8/1971 ਰਾਹੀਂ ਪਿੰਡ ਬਨ੍ਹਾ ਵਿੱਚ ਸੁਰੱਖਿਅਤ ਵਣ ਘੋਸ਼ਤ ਹੋ ਚੁੱਕੀ ਹੈ (ਕਾਪੀ ਨੱਥੀ ਪੀ.-1) ਅਤੇ ਪੁਰਾਣੇ ਨੰਬਰਾਨ ਖਸਰਿਆਂ 'ਤੇ ਹੀ ਚੱਕਬੰਦੀ ਸਮੇਂ ਮੇਜਰ ਪੋਰਸ਼ਨ ਬਣ ਕੇ ਸਾਲ:1983-84 ਵਿੱਚ ਇਹ ਭੂਮੀ ਨਵੇਂ ਨੰਬਰਾਨ ਖਸਰਾ ਵਿੱਚ ਤਬਦੀਲ ਹੋ ਕੇ ਹੋਂਦ ਵਿੱਚ ਆਈ ਹੈ।

3) ਇਹ ਕਿ ਮਾਨਯੋਗ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਜੀ ਨੇ ਆਪਣੇ ਫੈਸਲੇ ਮਿਤੀ:31-12-2006 ਵਿੱਚ ਅਪੀਲ ਕੇਸ ਨੰ:1-ਕੁਲੈਕਟਰ/ਨਵਾਂਸ਼ਹਿਰ ਵਿੱਚ ਸਪੱਸ਼ਟ ਤੌਰ 'ਤੇ ਉਪਰੋਕਤ ਭੂਮੀ ਦਾ ਫੈਸਲਾ ਕਰਦੇ ਹੋਇਆਂ ਲਿਖਿਆ ਹੈ ਕਿ ਭੂਮੀ ਉਪਰੋਕਤ ਨੰਬਰਾਨ ਖਸਰਾ ਵਣ ਵਿਭਾਗ ਦੀ ਮਾਲਕੀ ਹੈ। ਫੈਸਲੇ ਦੀ ਨਕਲ ਨਾਲ ਨੱਥੀ ਕੀਤੀ ਜਾਂਦੀ ਹੈ, ਜਿਹੜੀ ਐਗਜਿਬਿਟ ਪੀ.-2 ਹੈ।

4) ਇਹ ਕਿ ਡਬਲ ਬੈਂਚ ਆੱਫ ਮਾਨਯੋਗ ਹਾਈਕੋਰਟ, ਪੰਜਾਬ, ਹਰਿਆਣਾ ਐਟ ਚੰਡੀਗੜ੍ਹ ਨੇ ਕੁਲਦੀਪ ਸਿੰਘ ਵਲੋਂ ਦਾਈਰ ਐਲ.ਪੀ.ਏ. ਨੰ:378 ਆੱਫ 2009 ਇੰਨ ਸਿਵਲ ਰਿੱਟ ਪਟੀਸ਼ਨ ਨੰ:4397 ਆੱਫ 2007 ਵਿੱਚ ਮਾਨਯੋਗ ਡਿਪਟੀ ਕਮਿਸ਼ਨਰ ਦੇ ਫੈਸਲੇ ਮਿਤੀ:31/12/2006 ਅਤੇ ਮਾਨਯੋਗ ਹਾਈਕੋਰਟ ਦੇ ਆਨਰੇਬਲ ਜਸਟਿਸ ਰਣਜੀਤ ਸਿੰਘ ਜੀ ਦੇ ਫੈਸਲੇ ਮਿਤੀ:1/4/2009 ਨੂੰ ਠੀਕ ਮੰਨਦੇ ਹੋਇਆਂ ਆਪਣੇ ਹੁਕਮ ਮਿਤੀ:18/5/09

ਰਾਹੀਂ ਵਣ ਵਿਭਾਗ ਦੀ ਉਪਰੋਕਤ ਭੌਂ ਦੀ ਮਲਕੀਅਤ ਬਾਰੇ ਪ੍ਰਸ਼ਟੀ ਕਰ ਦਿੱਤੀ ਹੈ ਅਤੇ ਕੁਲਦੀਪ ਸਿੰਘ ਪਟੀਸ਼ਨਰ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। (ਨਕਲ ਪੀ.-3) ਨੱਥੀ ਹੈ।

5) ਇਹ ਕਿ ਉੱਤਰਵਾਦੀਆਂ ਨੇ ਸੀਨਾਜੋਰੀ ਨਾਲ ਵਣ ਵਿਭਾਗ ਦੀ ਮਾਲਕੀ ਭੂਮੀ 56-ਕਨਾਲ 12-ਮਰਲੇ 'ਤੇ ਸਾਲ 1989-90 ਤੋਂ ਪਿੰਡ ਬਨ੍ਹਾ ਤਹਿਸੀਲ ਬਲਾਚੌਰ ਵਿੱਚ ਨਜਾਇਜ ਅਤੇ ਅਣ-ਅਧਿਕਾਰਤ ਕਬਜਾ ਕੀਤਾ ਹੋਇਆ ਹੈ ਅਤੇ ਵਣ ਵਿਭਾਗ ਨੂੰ ਕੋਈ ਲਗਾਨ ਨਹੀਂ ਦਿੱਤਾ ਹੈ, ਜਿਹੜਾ ਕਿ ਮੌਕੇ ਦੀ ਘੱਟੋ-ਘੱਟ ਦਰ ਰਕਮ 8,000/- ਰੁਪਏ ਪ੍ਰਤੀ ਏਕੜ ਦੀ ਦਰ ਨਾਲ ਪਿਛਲੇ 20 ਸਾਲਾਂ ਦਾ ਡੈਮੇਜ/ਮੁਆਵਜਾ 11,32,000/- ਰੁਪਏ ਬਣਦਾ ਹੈ। ਇਸ ਰਕਮ ਦੀ ਵਸੂਲੀ ਨਜਾਇਜ ਕਾਬਜਾਨ ਦੇ ਅਧੀਨ ਅਣ-ਅਧਿਕਾਰਤ ਤੇ ਗੈਰ-ਕਾਨੂੰਨੀ ਰਹੇ ਕਬਜੇ ਦੇ ਪਿਛਲੇ 30 ਸਾਲਾਂ ਤੱਕ ਦੀ ਰਕਮ, ਲਿਮੀਟੇਸ਼ਨ ਐਕਟ, 1963 ਦੀ ਧਾਰਾ 112 ਅਧੀਨ ਵਸੂਲੀ ਯੋਗ ਬਣਦੀ ਹੈ।

6) ਇਹ ਕਿ ਮਾਨਯੋਗ ਸੁਪਰੀਮ ਕੋਰਟ ਆੱਫ ਇੰਡੀਆ ਨੇ ਆਪਣੇ ਹੁਕਮ ਮਿਤੀ:12/12/1996 ਜਿਹੜਾ ਸਿਵਲ ਰਿੱਟ ਪਟੀਸ਼ਨ ਨੰ:202 ਆੱਫ 1995 ਟੀ.ਐਨ. ਗੋਦਾਵਰਮਨ ਬਨਾਮ ਭਾਰਤ ਸਰਕਾਰ ਵਿੱਚ ਦਿੱਤਾ ਹੈ, ਦੇ ਅਨੁਸਾਰ ਭਾਰਤ ਸਰਕਾਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾ ਵਣ ਵਿਭਾਗ ਦੀ ਭੂਮੀ ਵਿੱਚ ਕਿਸੇ ਕਿਸਮ ਦੀ ਤਬਦੀਲੀ ਨਹੀਂ ਕੀਤੀ ਜਾ ਸਕਦੀ ਹੈ ਭਾਵੇਂ ਕੋਈ ਰਕਬਾ ਪ੍ਰਾਈਵੇਟ ਮਾਲਕਾਂ ਦਾ ਹੋਵੇ ਜਾਂ ਸਰਕਾਰ ਦਾ ਹੋਵੇ ਅਤੇ ਨਾ ਹੀ ਵਣ ਰਕਬੇ ਨੂੰ ਕਾਸ਼ਤਕਾਰੀ (ਗੈਰ ਵਣ ਮੰਤਵ) ਦੇ ਲਈ ਵਰਤਿਆ ਜਾ ਸਕਦਾ ਹੈ। ਵਣ ਸੁਰੱਖਿਆ ਐਕਟ,1980 ਦੀ ਧਾਰਾ 1 ਤੇ 2 ਦੇ ਅਧੀਨ ਵੀ ਕਿਸੇ ਵਣ ਰਕਬੇ ਨੂੰ ਗੈਰ ਵਣ ਮੰਤਵ ਲਈ (ਭਾਰਤ ਸਰਕਾਰ ਦੀ ਪੂਰਵ ਪ੍ਰਵਾਨਗੀ ਤੋਂ ਬਿਨਾ) ਨਹੀਂ ਵਰਤਿਆ ਜਾ ਸਕਦਾ ਹੈ। ਇਸ ਤਰ੍ਹਾਂ ਕਰਕੇ ਸਰਕਾਰੀ ਵਣ ਰਕਬੇ ਦੀ ਗੈਰ ਵਣ ਮੰਤਵ ਲਈ ਪਟੀਸ਼ਨਰ ਨੇ ਵਰਤੋਂ ਕੀਤੀ ਹੈ, ਜੋ ਕਿ ਇਕ ਫੌਜਦਾਰੀ ਅਪਰਾਧ ਵੀ ਹੈ।

7) ਇਹ ਕਿ ਉੱਤਰਵਾਦੀਆਂ ਦਾ ਉਪਰੋਕਤ ਵਰਣਨ ਵਣ ਰਕਬੇ ਵਿੱਚ ਕੋਈ ਕਾਨੂੰਨੀ ਹੱਕ ਤੇ ਵਾਸਤਾ ਨਹੀਂ ਹੈ ਅਤੇ ਇਨ੍ਹਾ ਨੇ ਵਣ ਵਿਭਾਗ ਦੀ ਭੂਮੀ 'ਤੇ ਗੈਰ-ਕਾਨੂੰਨੀ ਤੇ ਅਣ-ਅਧਿਕਾਰਤ ਅਤੇ ਨਜਾਇਜ ਕਬਜਾ ਕੀਤਾ ਹੋਇਆ ਹੈ ਅਤੇ ਵਣ ਵਿਭਾਗ ਨੂੰ ਕੋਈ ਮੁਆਵਜਾ/ਨੁਕਸਾਨ ਭੌਂ ਡੈਮੇਜਿਜ ਆਦਿ ਅੱਜ ਤੱਕ ਅਦਾ ਨਹੀਂ ਕੀਤੇ ਹਨ। ਉੱਤਰਵਾਦੀਆਂ ਸੀਨਾ ਜੋਰ ਆਦਮੀ ਹਨ ਅਤੇ ਵਣ ਵਿਭਾਗ ਦੀ ਭੂਮੀ 'ਤੇ ਨਜਾਇਜ

ਕਾਬਜ ਚਲੇ ਆ ਰਹੇ ਹਨ। ਵਣ ਵਿਭਾਗ ਦੀ ਮਾਲਕੀ ਸਬੰਧੀ ਜਮ੍ਹਾਂਬੰਦੀ ਸਾਲ:1983-84 ਦੀ ਨਕਲ ਨੱਥੀ (ਪੀ.-4) ਹੈ ਜੀ। ਇਸ ਅਨੁਸਾਰ ਵਣ ਵਿਭਾਗ ਮਾਲਕ ਭੌਂ ਹੈ। ਉੱਤਰਵਾਦੀਆਂ ਨੇ ਨਜਾਇਜ ਤਰੀਕਿਆਂ ਨਾਲ ਵਣ ਵਿਭਾਗ ਦੀ ਭੂਮੀ 'ਤੇ ਨਜਾਇਜ ਤੇ ਅਣ-ਅਧਿਕਾਰਤ ਕਬਜਾ ਕੀਤਾ ਹੋਇਆ ਹੈ, ਜਿਸ ਰਾਹੀਂ ਵਣ ਵਿਭਾਗ ਦੇ ਹਿੱਤਾਂ ਨੂੰ ਭਾਰੀ ਨੁਕਸਾਨ ਪੁਜ ਰਿਹਾ ਹੈ।

8) ਇਸ ਲਈ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਦਰਸਾਏ ਉੱਤਰਵਾਦੀਆਂ ਨੂੰ ਵਣ ਵਿਭਾਗ ਦੀ ਭੌਂ ਤੋਂ ਬੇਦਖਲ ਕਰਨ ਦੀ ਕ੍ਰਿਪਾਲਤਾ ਕਰਨੀ ਜੀ ਤੇ ਨਾਲ ਹੀ ਧਾਰਾ 7 ਆੱਫ ਪੀ.ਪੀ.ਐਕਟ,1973 ਅਧੀਨ ਇਨ੍ਹਾ ਉੱਤਰਵਾਦੀਆਂ ਪਾਸੋਂ ਡੈਮੇਜਿਜ/ਮੁਆਵਜਾ ਜੋ Use and Occupation ਦੀ ਰਕਮ ਸਾਲ:1989-90 ਤੋਂ 2009-10 ਤੱਕ ਕੱਲ 11,32,000/- ਰੁਪਏ ਬਣਦੀ ਹੈ, ਦੀ ਵਸੂਲੀ ਦੇ ਆਦੇਸ਼ ਜਾਰੀ ਕਰਨ ਦੀ ਕ੍ਰਿਪਾਲਤਾ ਕਰਨੀ ਜੀ, ਜਿਸਦੀ ਮਿਆਦ ਵਸੂਲੀ ਧਾਰਾ 112 ਆੱਫ Limitation Act, 1963 ਅਨੁਸਾਰ ਪਿਛਲੇ 30 ਸਾਲਾਂ ਤੱਕ ਦੇ ਸਮੇਂ ਤੱਕ ਦੀ ਹੈ।

Hasan Chand
ਵਣ ਰੇਂਜ ਅਫਸਰ,
ਕਾਠਗੜ੍ਹ।

**ਵੇਰੀਫਿਕੇਸ਼ਨ: -**

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਪਟੀਸ਼ਨ ਵਿੱਚ ਦਰਸਾਏ ਤੱਥ ਪੈਰ੍ਹਾ ਨੰ:1 ਤੋਂ ਪੈਰ੍ਹਾ ਨੰ:8 ਤੱਕ ਦਫਤਰੀ ਰਿਕਾਰਡ ਅਨੁਸਾਰ ਦਰੁਸਤ ਹਨ ਅਤੇ ਕੋਈ ਵੀ ਤੱਥ ਛੁਪਾਇਆ ਨਹੀਂ ਗਿਆ ਹੈ ਜੀ।

Hasan Chand
ਵਣ ਰੇਂਜ ਅਫਸਰ,
ਕਾਠਗੜ੍ਹ।

ਸਥਾਨ: ਕਾਠਗੜ੍ਹ।
ਮਿਤੀ: ...../06/2010.